


# Bookbug

## ਪੜ੍ਹਣ ਵਾਲੇ ਬਗ ਨੂੰ ਪਕੜੋ !

ਤੁਹਾਡੀ ਅਵਾਜ਼ ਤੁਹਾਡੇ ਸ਼ਿਸ਼ੂ ਜਾਂ ਬੱਚੇ ਲਈ ਸਭ ਤੋਂ ਮਹੱਤਵਪੂਰਨ ਹੈ, ਅਤੇ ਉਨ੍ਹਾਂ ਨਾਲ ਗੱਲਾਂ ਕਰਨਾ ਅਤੇ ਤੁਹਾਡੀ ਆਪਣੀ ਭਾਸ਼ਾ ਵਿੱਚ ਇਕੱਠੇ ਕਿਤਾਬਾਂ ਨੂੰ ਸਾਂਝਾ ਕਰਨਾ ਬਹੁਤ ਹੀ ਮਹੱਤਵਪੂਰਨ ਹੈ। ਤੁਹਾਡਾ ਸ਼ਿਸ਼ੂ ਜਾਂ ਬੱਚਾ ਪੰਜਾਬੀ ਵਿੱਚ ਤੁਹਾਨੂੰ ਗੱਲਾਂ ਕਰਦਿਆਂ ਜਾਂ ਗਾਣੇ ਅਤੇ ਕਵਿਤਾਵਾਂ ਨੂੰ ਗਾਉਂਦਿਆਂ ਨੂੰ ਸੁਣਨ ਨੂੰ ਬਹੁਤ ਪਸੰਦ ਕਰੇਗਾ, ਅਤੇ ਇੱਕ ਤੋਂ ਜ਼ਿਆਦਾ ਭਾਸ਼ਾ ਆਉਣਾ ਉਨ੍ਹਾਂ ਲਈ ਫਾਇਦੇਮੰਦ ਹੋਵੇਗਾ।

ਕਹਾਣੀਆਂ, ਗਾਣਿਆਂ ਅਤੇ ਕਵਿਤਾਵਾਂ ਨੂੰ ਆਪਣੇ ਬੱਚੇ ਨਾਲ ਸਾਂਝਾ ਕਰਨ ਦੇ ਬਹੁਤ ਸਾਰੇ ਸ਼ਾਨਦਾਰ ਫਾਇਦੇ ਹਨ। ਇਹ ਬਹੁਤ ਮਜ਼ੇਦਾਰ ਹੁੰਦਾ ਹੈ ਅਤੇ ਦਿਨ ਦੇ ਸਿਰਫ ਕੁਝ ਮਿੰਟ:

**ਤੁਹਾਡੇ ਬੱਚੇ ਦੇ ਭਾਸ਼ਾ ਦੇ ਹੁਨਰ ਨੂੰ ਵਿਕਸਤ ਕਰਣਗੇ**

**ਤੁਹਾਨੂੰ ਆਪਣੇ ਬਚੇ ਨਾਲ ਪਿਆਰ ਕਰਨ ਲਈ ਸਮਾਂ ਦੇਣਗੇ ਅਤੇ ਆਪਣੇ ਬੱਚੇ ਨਾਲ ਜੁੜਣ ਵਿੱਚ ਮਦਦ ਕਰਣਗੇ**

**ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਅਰਾਮਦੇਹ ਮਹਿਸੂਸ ਕਰਨ ਵਿੱਚ ਮਦਦ ਕਰਣਗੇ**

**ਤੁਹਾਡੇ ਬੱਚੇ ਦੇ ਆਤਮ-ਵਿਸ਼ਵਾਸ ਨੂੰ ਵਧਾਉਣਗੇ**

**ਤੁਹਾਡੇ ਬੱਚੇ ਨੂੰ ਦੱਸਣ ਅਤੇ ਲਿਖਣ ਲਈ ਉਤਸ਼ਾਹਿਤ ਕਰਣਗੇ।**

**ਤੁਹਾਡੇ ਬੱਚੇ ਨੂੰ ਜ਼ਿੰਦਗੀ ਵਿੱਚ ਬਹੁਤ ਵਧੀਆ ਸ਼ੁਰੂਆਤ ਪ੍ਰਦਾਨ ਕਰਣਗੇ**



# ਆਪਣੇ ਮੁਫਤ ਕਿਤਾਬਾਂ ਦੇ ਬੈਗ ਦਾ ਅਨੰਦ ਮਾਣੋ

Bookbug ਸਕਾਟਲੈਂਡ ਵਿਚਲੇ ਹਰ ਬੱਚੇ ਨੂੰ ਜਨਮ ਤੋਂ ਪੰਜ ਸਾਲ ਦੀ ਉਮਰ ਵਿਚਕਾਰ ਕਿਤਾਬਾਂ ਦੇ ਚਾਰ ਬੈਗ ਮੁਫਤ ਦਿੰਦਾ ਹੈ। ਹਾਲਾਂਕਿ ਇਹ ਕਿਤਾਬਾਂ ਅੰਗਰੇਜ਼ੀ ਵਿੱਚ ਹੁੰਦੀਆਂ ਹਨ, ਤੁਸੀਂ ਇਨ੍ਹਾਂ ਨੂੰ ਆਪਣੇ ਬੱਚੇ ਨਾਲ ਤਸਵੀਰਾਂ ਦੀ ਵਰਤੋਂ ਕਰਦੇ ਹੋਏ ਪੰਜਾਬੀ ਵਿੱਚ ਕਹਾਣੀ ਸੁਣਾਕੇ ਸਾਂਝਾ ਕਰ ਸਕਦੇ ਹੋ ਅਤੇ ਅਨੰਦ ਮਾਣ ਸਕਦੇ ਹੋ।

**ਸ਼ਿਸ਼ੂ ਬੈਗ:** ਤੁਹਾਡੇ ਸਿਹਤ ਮੁਲਾਕਾਤੀ ਤੋਂ ਤੁਹਾਡੇ ਬੱਚੇ ਦੇ ਪਹਿਲੇ ਸਾਲ ਵਿੱਚ।

**ਟੋਡਲਰ (ਛੋਟਾ ਬੱਚਾ) ਬੈਗ:** ਤੁਹਾਡੇ ਸਿਹਤ ਮੁਲਾਕਾਤੀ ਤੋਂ ਜਦੋਂ ਤੁਹਾਡਾ ਛੋਟਾ ਬੱਚਾ 1 ਅਤੇ 2 ਸਾਲ ਵਿਚਕਾਰ ਹੁੰਦਾ ਹੈ।

**ਪਾਇਰੇਟ ਬੈਗ:** ਨਰਸਰੀ ਤੋਂ ਜਦੋਂ ਤੁਹਾਡਾ ਬੱਚਾ 3 ਸਾਲ ਦਾ ਹੁੰਦਾ ਹੈ।

**ਪ੍ਰਾਇਮਰੀ 1 ਪਰਿਵਾਰਕ ਬੈਗ:** ਸਕੂਲ ਤੋਂ ਜਦੋਂ ਤੁਹਾਡਾ ਬੱਚਾ P1 ਵਿੱਚ ਹੁੰਦਾ ਹੈ।

ਬੈਗ ਦੇ ਨਾਲ, Bookbug ਬੱਚਿਆਂ ਅਤੇ ਪਰਿਵਾਰਾਂ ਲਈ ਵਾਧੂ ਸਹਾਇਤਾ ਲਈ ਜ਼ਰੂਰਤਾਂ ਦੇ ਨਾਲ ਛੂਹਕੇ ਮਹਿਸੂਸ ਕਰਨ ਵਾਲੀਆਂ ਕਿਤਾਬਾਂ ਵੀ ਪ੍ਰਦਾਨ ਕਰ ਸਕਦਾ ਹੈ। ਇਨ੍ਹਾਂ ਦੀ ਬੇਨਤੀ ਕਰਨ ਲਈ, ਜਾਂ ਜੇ ਤੁਹਾਨੂੰ ਤੁਹਾਡਾ ਮੁਫਤ Bookbug ਬੈਗ ਨਹੀਂ ਮਿਲਿਆ ਹੈ, ਤਾਂ ਕਿਰਪਾ ਕਰਕੇ ਆਪਣੀ ਸਥਾਨਕ ਲਾਇਬ੍ਰੇਰੀ ਵਿਖੇ ਪੁੱਛੋ ਜਾਂ **scottishbooktrust.com/local-bookbug-contacts** ਤੇ ਜਾਓ।

# ਮੁਫਤ Bookbug ਸੈਸ਼ਨਾਂ ਤੇ ਨਾਲ ਆਓ

Bookbug ਸੈਸ਼ਨ ਮਜ਼ੇਦਾਰ, ਮੁਫਤ ਕਹਾਣੀ, ਗਾਣੇ ਅਤੇ ਕਵਿਤਾਵਾਂ ਦੇ ਸੈਸ਼ਨ ਹੁੰਦੇ ਹਨ। ਹਰ ਇੱਕ ਦਾ ਸੁਆਗਤ ਹੈ ਅਤੇ ਇਹ ਮਾਇਨੇ ਨਹੀਂ ਰੱਖਦਾ ਕੀ ਤੁਹਾਨੂੰ ਸ਼ਬਦਾਂ ਬਾਰੇ ਪਤਾ ਨਹੀਂ ਹੈ - ਇਹ ਤਾਂ ਵੀ ਆਪਣੇ ਛੋਟੇ ਬੱਚੇ ਨਾਲ ਸਮਾਂ ਬਤੀਤ ਕਰਨ ਦਾ ਇੱਕ ਮਜ਼ੇਦਾਰ ਤਰੀਕਾ ਹੈ। ਬਹੁਤ ਸਾਰੇ ਗਾਣੇ ਹਰ ਹਫਤੇ ਦੁਹਰਾਏ ਜਾਂਦੇ ਹਨ ਤਾਂ ਕਿ ਤੁਸੀਂ ਸ਼ਬਦਾਂ ਨੂੰ ਸਿੱਖ ਸਕੋ। ਕੁਝ ਲਾਇਬ੍ਰੇਰੀਆਂ Bookbug ਸੈਸ਼ਨਾਂ ਨੂੰ ਹੋਰ ਭਾਸ਼ਾਵਾਂ ਵਿੱਚ ਵੀ ਪੇਸ਼ ਕਰਦੀਆਂ ਹਨ। ਆਪਣੇ ਨਜ਼ਦੀਕੀ ਸੈਸ਼ਨ ਬਾਰੇ ਪਤਾ ਲਗਾਉਣ ਲਈ ਆਪਣੀ ਸਥਾਨਕ ਲਾਇਬ੍ਰੇਰੀ ਜਾਂ ਭਾਈਚਾਰਕ ਗਰੁੱਪ ਨੂੰ ਪੁੱਛੋ ਜਾਂ **scottishbooktrust.com/localbookbugsessions** ਤੇ ਜਾਓ।

# ਆਪਣੀ ਸਥਾਨਕ ਲਾਇਬ੍ਰੇਰੀ ਨਾਲ ਜੁੜੋ

ਲਾਇਬ੍ਰੇਰੀਆਂ ਵਿੱਚ ਬਹੁਤ ਤਰ੍ਹਾਂ ਦੀਆਂ ਮਹਾਨ ਕਿਤਾਬਾਂ ਹਨ ਜਿਨ੍ਹਾਂ ਨੂੰ ਤੁਸੀਂ ਮੁਫਤ ਵਿੱਚ ਉਧਾਰ ਲੈ ਸਕਦੇ ਹੋ ਅਤੇ ਤੁਹਾਡਾ ਸ਼ਿਸ਼ੂ ਜਾਂ ਛੋਟਾ ਬੱਚਾ ਇਸ ਨਾਲ ਜੁੜਣ ਲਈ ਕਦੇ ਵੀ ਬਹੁਤ ਛੋਟਾ ਨਹੀਂ ਹੁੰਦਾ ਹੈ! ਤੁਹਾਡੀ ਸਥਾਨਕ ਲਾਇਬ੍ਰੇਰੀ ਵਿੱਚ ਪੰਜਾਬੀ ਵਿੱਚ ਵੀ ਕਿਤਾਬਾਂ ਹੋ ਸਕਦੀਆਂ ਹਨ, ਜਾਂ ਪ੍ਰਯੋਗ ਕਰਨ ਲਈ ਦੁਭਾਸ਼ੀਆ ਤਸਵੀਰਾਂ ਵਾਲੀਆਂ ਕਿਤਾਬਾਂ ਹੋ ਸਕਦੀਆਂ ਹਨ।

# ਪੰਜਾਬੀ ਵਿੱਚ ਕਹਾਣੀਆਂ, ਗਾਣਿਆਂ ਅਤੇ ਕਵਿਤਾਵਾਂ ਨੂੰ ਸਾਂਝਾ ਕਰਨਾ

ਤੁਹਾਡੇ ਬੱਚੇ ਨੂੰ ਤੁਹਾਡਾ ਗਾਣਾ, ਗੱਲਾਂ ਅਤੇ ਪੰਜਾਬੀ ਵਿੱਚ ਪੜ੍ਹਿਆ ਹੋਇਆ ਸੁਣਕੇ ਅਸਲ ਵਿੱਚ ਫਾਇਦਾ ਹੋਵੇਗਾ, ਅਤੇ ਤੁਸੀਂ ਆਪਣੇ ਬਚਪਨ ਦੀਆਂ ਕਹਾਣੀਆਂ, ਗਾਣਿਆਂ ਅਤੇ ਕਵਿਤਾਵਾਂ ਦੀ ਵਰਤੋਂ ਵੀ ਕਰ ਸਕਦੇ ਹੋ। ਇਸ ਨਾਲ ਉਨ੍ਹਾਂ ਨੂੰ ਹੋਰ ਭਾਸ਼ਾਵਾਂ ਸਿੱਖਣ ਵਿੱਚ ਵੀ ਮਦਦ ਮਿਲੇਗੀ ਜਦੋਂ ਉਹ ਸਕੂਲ ਜਾਂਦੇ ਹਨ।

ਬਹੁਤ ਸਾਰੀਆਂ ਲਾਇਬ੍ਰੇਰੀਆਂ ਵਿੱਚ ਮੁਫਤ ਵਿੱਚ ਉਧਾਰ ਲੈਣ ਲਈ ਹੋਰ ਭਾਸ਼ਾਵਾਂ ਜਾਂ ਦੁਭਾਸ਼ੀਆ ਕਿਤਾਬਾਂ ਹਨ। ਉਹ **uk.mantralingua.com**, ਜਾਂ **ablekids.co.uk** ਤੋਂ ਖਰੀਦਣ ਲਈ ਵੀ ਉਪਲਬਧ ਹਨ ਅਤੇ ਡਿਜ਼ਿਟਲ ਕਿਤਾਬਾਂ ਨੂੰ ਮੁਫਤ ਵਿੱਚ ਬੱਚਿਆਂ ਦੀ ਆਨ-ਲਾਈਨ ਅੰਤਰ-ਰਾਸ਼ਟਰੀ ਡਿਜ਼ਿਟਲ ਲਾਇਬ੍ਰੇਰੀ **en.childrenslibrary.org** ਤੇ ਵੇਖਿਆ ਜਾ ਸਕਦਾ ਹੈ।

ਤੁਸੀਂ ਹੋਰ ਭਾਸ਼ਾਵਾਂ ਵਿੱਚ ਗਾਣਿਆਂ ਨੂੰ **mamalisa.com** ਤੇ ਵੀ ਦੇਖ ਸਕਦੇ ਹੋ, ਅਤੇ ਹੋਰ ਬਹੁਤ ਸਾਰੇ ਗਾਣਿਆਂ ਅਤੇ ਕਵਿਤਾਵਾਂ ਨੂੰ ਸਾਡੀ ਵੈੱਬਸਾਈਟ **scottishbooktrust.com/bookbug/songs-and-rhymes** ਨਾਲ ਜੁੜਕੇ ਵੇਖ ਸਕਦੇ ਹੋ।

**scottishbooktrust.com/bookbug**

f /BookbugSBT @Bookbug_SBT